Surrey Schools
LEADERSHIP IN LEARNING

Tel: 604.596.7733
www.sd36.bc.ca

# ਸਕੂਲ ਵਿੱਚ ਖਤਰੇ ਤੋਂ ਚਿਤਾਵਨੀ ਦੇਣ ਦੀ ਯੋਜਨਾ ਦੀ ਜਾਣਕਾਰੀ

ਸਰ੍ਹੀ ਸਕੂਲ ਡਿਸਟਰਿਕਟ ਨੇ ਖਤਰਨਾਕ ਦੁਰਘਟਨਾ ਤੋਂ ਬੱਚਿਆਂ, ਸਟਾਫ ਅਤੇ ਵਲੰਟੀਅਰਾਂ ਦੀ ਸੁਰਖਿਆ ਲਈ ਇੱਕ ਯੋਜਨਾ ਤਿਆਰ ਕੀਤੀ ਹੈ। ਸਕੂਲਾਂ ਦੇ ਪ੍ਰਿੰਸੀਪਲਾਂ ਨੂੰ ਖਤਰੇ ਵੇਲੇ ਇਸ ਪ੍ਰੋਗਰਾਮ ਨੂੰ ਸ਼ੁਰੂ ਕਰਨ ਦਾ ਹੱਕ ਹੈ ਅਤੇ ਸਕੂਲਾਂ ਵਿੱਚ ਇਸ ਤਰਾਂ ਦੇ ਮੌਕੇ ਦੀ ਤਿਆਰੀ ਲਈ ਅਕਸਰ ਦੁਹਰਾਈ ਹੁੰਦੀ ਰਹਿੰਦੀ ਹੈ ਅਤੇ ਸੁਰਖਿਆ ਦੇ ਨਿਯਮਾਂ ਦੀ ਪਾਲਣਾਂ ਹੁੰਦੀ ਹੈ।

ਇਸ ਸੁਰਖਿਆ ਦੀ ਯੋਜਨਾ ਦੀ, ਲੋੜ ਪੈਣ ਵੇਲੇ, ਆਰਭੰਤਾ ਸਕੂਲ ਦੇ ਦਫਤਰ ਵਿੱਚੋਂ ਇੱਕ ਐਲਾਨ ਰਾਹੀਂ ਸ਼ੁਰੂ ਹੁੰਦੀ ਹੈ। ਸਕੂਲ ਤੋਂ ਬਾਹਰ, ਜਿਵੇਂ ਕਿ ਖੇਲ੍ਹਣ ਵਾਲੇ ਮੈਦਾਨ ਹਨ, ਓਹਨ੍ਹਾਂ ਵਿੱਚ ਵੀ ਸੁਰਖਿਆ ਦੇ ਨਿਯਮਾਂ ਨੂੰ ਲਾਗੂ ਕੀਤਾ ਜਾਂਦਾ ਹੈ। ਇਸ ਐਲਾਨ ਅਨੁਸਾਰ ਵੱਖ ਵੱਖ ਕਾਰਵਾਈਆਂ ਲਾਗੂ ਹੁੰਦੀਆਂ ਹਨ:

**ਕੋਡ ਲਾਲ ( ਕੋਡ ਰੈਡ)**

ਇਹ ਓਦੋਂ ਲਾਗੂ ਹੁੰਦਾ ਹੈ ਜਦੋਂ ਸਕੂਲ ਵਿੱਚ ਜਾਂ ਸਕੂਲ ਦੇ ਬਿਲਕੁਲ ਨਜ਼ਦੀਕ ਕਿਸੇ ਦੀ ਜਾਨ ਨੂੰ ਖਤਰਾ ਹੋਵੇ। ਇਸ ਹਾਲਤ ਵਿੱਚ ਇਹ ਸ਼ਰਤਾਂ ਲਾਗੂ ਹੁੰਦੀਆਂ ਹਨ:

- ਜਿਹੜੇ ਬੱਚੇ ਕਲਾਸਾਂ ਵਿੱਚ ਹਨ, ਓਹ ਓਥੇ ਹੀ ਰਹਿਣਗੇ। ਜਿਹੜੇ ਬੱਚੇ ਕਲਾਸਾਂ ਤੋਂ ਬਾਹਰ ਹਨ, ਓਹਨਾਂ ਨੂੰ ਇੱਕ ਦਮ ਨੇੜੇ ਦੀ ਕਲਾਸ ਵਿੱਚ ਦਾਖਲ ਹੋਣਾ ਹੁੰਦਾ ਹੈ।
- ਸਾਰੇ ਦਰਵਾਜ਼ੇ ਬੰਦ ਕਰਕੇ ਜਿੰਦਰੇ ਲਗਾ ਦਿੱਤੇ ਜਾਂਦੇ ਹਨ ਅਤੇ ਹਰ ਕੋਈ ਖਿੜਕੀਆਂ, ਦਰਵਾਜ਼ਿਆਂ ਅਤੇ ਬਾਹਰ ਵਾਲੀਆਂ ਕੰਧਾ ਤੋਂ ਪਰ੍ਹੇ ਹੋ ਜਾਂਦਾ ਹੈ।
- ਕਮਰਿਆਂ ਦੀਆਂ ਲਾਈਟਾਂ ਬੰਦ ਅਤੇ ਖਿੜਕੀਆਂ ਦੇ ਪਰਦੇ ਤਾਣ ਦਿੱਤੇ ਜਾਂਦੇ ਹਨ।
- ਨਾਂ ਕੋਈ ਇਮਾਰਤ ਦੇ ਅੰਦਰ ਅਤੇ ਨਾਂ ਕੋਈ ਬਾਹਰ ਜਾ ਸਕਦਾ ਹੈ।
- ਵਿਦਿਆਰਥੀਆ ਨੂੰ ਆਪਣੇ ਸੈੱਲ ਫੋਨ ਬੰਦ ਕਰਨ ਲਈ ਅਤੇ ਚੁੱਪ ਰਹਿਣ ਲਈ ਕਿਹਾ ਜਾਂਦਾ ਹੈ। ਕਮਰੇ ਦੇ ਅੰਦਰ ਵਾਲਾ ਟੈਲੀਫੂਨ ਸਿਰਫ ਸਕੂਲ ਦੇ ਕਰਮਚਾਰੀ ਹੀ ਚੁੱਕ ਸਕਦੇ ਹਨ।
- ਜਦੋਂ ਪੁਲੀਸ ਸਕੂਲ ਪਹੁੰਚ ਜਾਂਦੀ ਹੈ ਤਾਂ ਸਾਰੇ ਓਹਨਾਂ ਦੀ ਅਗਵਾਈ ਅੰਦਰ ਚਲਦੇ ਹਨ।
- ਜਦੋਂ ਕੋਡ ਹਰਾ ਜਾਂ ਗਰੀਨ ਦਾ ਐਲਾਨ ਹੁੰਦਾ ਹੈ ਤਾਂ ਸਾਰੇ ਆਪਣੇ ਥਾਂ ਵਾਪਿਸ ਚਲੇ ਜਾਂਦੇ ਹਨ ਅਤੇ ਕਈ ਵਾਰ ਸਾਰੇ ਸਕੂਲ ਨੂੰ ਇੱਕ ਸੁਰਿਖਅਤ ਥਾਂ ਇੱਕਠਾ ਕਰ ਲਿਆ ਜਾਂਦਾ ਹੈ।
- ਵਿਦਿਆਰਥੀ ਆਪਣੀਆਂ ਕਲਾਸਾਂ ਵਿੱਚ ਪਰਵੇਸ਼ ਹੁੰਦੇ ਹਨ।

**ਕੋਡ ਪੀਲਾ (ਕੋਡ ਯੈਲੋ)**

ਇਹ ਓਦੋਂ ਲਾਗੂ ਕੀਤਾ ਜਾਂਦਾ ਹੈ ਜਦੋਂ ਕਿਸੇ ਕਿਸਮ ਦਾ ਖਤਰਾ, ਸਕੂਲ ਦੀ ਚਾਰ ਦਿਵਾਰੀ ਤੋਂ ਬਾਹਰ ਹੋਵੇ। ਇਸ ਵਿੱਚ:

- ਵਿਦਿਆਰਥੀ ਕਲਾਸਾਂ ਵਿੱਚ ਰਹਿਣਗੇ ਅਤੇ ਸਕੂਲ ਵਿੱਚ ਤੁਰੇ ਫਿਰਦੇ ਵਿਦਿਆਰਥੀ ਨੇੜੇ ਦੇ ਕਮਰੇ ਵਿੱਚ ਦਾਖਿਲ ਕੀਤੇ ਜਾਣਗੇ।
- ਦਰਵਾਜ਼ੇ ਬੰਦ ਕਰ ਦਿੱਤੇ ਜਾਣਗੇ ਅਤੇ ਨਾਂ ਕੋਈ ਸਕੂਲ ਦੇ ਅਦਰ ਦਾਖਿਲ ਹੋ ਸਕੇਗਾ ਅਤੇ ਨਾਂ ਕੋਈ ਬਾਹਰ ਜਾ ਸਕੇਗਾ।
- ਪ੍ਰਿੰਸੀਪਲ ਸਕੂਲ ਦੇ ਦਾਖਿਲ ਹੋਣ ਵਾਲੇ ਦਰਵਾਜੇ ਨੂੰ ਤਾਲਾ ਵੀ ਮਾਰ ਸਕੇਗਾ।
- ਅਗਰ ਇਸ ਤਰਾਂ ਦੀ ਦੁਰਘਟਨਾਂ ਵਿੱਚ ਪੁਲੀਸ ਸ਼ਾਮਿਲ ਹੋਵੇ ਤਾਂ ਸਭ ਕੁੱਝ ਓਹਨਾਂ ਦੀ ਅਗਵਾਈ ਅਨੁਸਾਰ ਹੋਵੇਗਾ।
- ਇਹ ਕੋਡ ਓਦੋਂ ਖਤਮ ਹੁੰਦੀ ਜਦੋਂ ਦਫਤਰ ਵਿੱਚੋਂ ਕੋਡ ਗਰੀਨ ਦਾ ਐਲਾਨ ਹੁੰਦਾ ਹੈ।

**ਕੋਡ ਹਰਾ (ਕੋਡ ਗਰੀਨ)**

ਇਸ ਕੋਡ ਦਾ ਐਲਾਨ ਸਕੂਲ ਦੇ ਦਫਤਰ ਵਿੱਚੋਂ ਹੁੰਦਾ ਹੈ। ਇਹ ਓਦੋਂ ਜਾਰੀ ਹੁੰਦਾ ਹੈ ਜਦੋਂ ਵਿਦਿਆਰਥੀਆਂ ਅਤੇ ਸਕੂਲ ਦੇ ਕਰਮਚਾਰੀਆਂ ਲਈ ਕਿਸੇ ਵੀ ਕਿਸਮ ਦਾ ਖਤਰਾ ਨਾਂ ਹੋਵੇ ਅਤੇ ਸਭ ਕੁੱਝ ਸੁਰਖਿਅਤ ਹੋਵੇ।

ਯਾਦ ਰਹੇ ਕਿ ਜਦੋਂ ਇਹ ਸਿਸਟਿਮ ਜਾਰੀ ਕਰਨਾ ਪੈਂਦਾ ਹੈ ਤਾਂ ਇਸ ਦੇ ਕਾਰਣ ਬਾਰੇ ਸਕੂਲ ਜਾਣਕਾਰੀ ਨਹੀਂ ਦੇ ਸਕਦਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹੋਲੀ ਹੋਲੀ ਪਤਾ ਲੱਗ ਜਾਂਦਾ ਹੈ ਲੇਕਿਨ ਇਸ ਤਰਾਂ ਦੇ ਸਮੇਂ ਸਾਰਿਆਂ ਦੀ ਸੁਰਖਿਆ ਮੁੱਖ ਵਿਸ਼ਾ ਹੁੰਦਾ ਹੈ।